# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ਼-8, ਸਅਸ ਨਗਰ

(ਕੋਆਰਡੀਨੇਸ਼ਨ ਸ਼ਾਖਾ)

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ),
ਪੰਜਾਬ ਰਾਜ ਵਿੱਚ।

ਮੀਮੋ ਨੰ. 83995/2025284638
ਮਿਤੀ: 23-09-2025

**ਵਿਸ਼ਾ:-** **ਡੀ.ਡੀ.ਓਜ਼ ਵੱਲੋਂ ਉਹਨਾਂ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਤਨਖਾਹ ਏਰੀਅਰ, ਤਨਖਾਹ ਫਿਕਸੇਸ਼ਨਾਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਬਕਾਏ ਦਾ ਕੇਸ ਤਿਆਰ ਕਰਨ ਸਬੰਧੀ।**

ਇਹ ਧਿਆਨ ਵਿੱਚ ਆਇਆ ਹੈ ਕਿ ਜਦੋਂ ਵੀ ਡੀ.ਡੀ.ਓਜ਼ ਵੱਲੋਂ ਉਹਨਾਂ ਅਧੀਨ ਕੰਮ ਕਰਦੇ ਕਿਸੇ ਕਰਮਚਾਰੀ ਦਾ ਤਨਖਾਹ ਏਰੀਅਰ, ਤਨਖਾਹ ਫਿਕਸੇਸ਼ਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਬਕਾਏ ਸਬੰਧੀ ਕੇਸ ਤਿਆਰ ਕੀਤਾ ਜਾਂਦਾ ਹੈ ਤਾਂ ਅਜਿਹਾ ਕਰਨ ਸਮੇਂ ਡੀ.ਡੀ.ਓ ਵੱਲੋਂ ਸਬੰਧਤ ਕਰਮਚਾਰੀ ਨੂੰ ਹੀ ਉਸਦਾ ਕੇਸ ਦਸਤੀ ਦੇ ਕੇ ਸਬੰਧਤ ਜਿਲ੍ਹੇ ਦੇ ਭਾਗ ਅਫਸਰ ਤੋਂ ਚੈੱਕ ਕਰਵਾਉਣ ਲਈ ਭੇਜ ਦਿੱਤਾ ਜਾਂਦਾ ਹੈ ਜਿਸ ਕਾਰਣ ਸਬੰਧਤ ਕਰਮਚਾਰੀ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲ੍ਹੇ ਵਿੱਚ ਮੌਜੂਦ ਸਮੂਹ ਡੀ.ਡੀ.ਓਜ਼ ਨੂੰ ਇਹ ਸਖਤ ਹਦਾਇਤ ਕੀਤੀ ਜਾਵੇ ਕਿ ਭਵਿੱਖ ਵਿੱਚ ਜਦੋਂ ਵੀ ਕਿਸੇ ਕਰਮਚਾਰੀ ਦਾ ਤਨਖਾਹ ਏਰੀਅਰ, ਤਨਖਾਹ ਫਿਕਸੇਸ਼ਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਬਕਾਏ ਦਾ ਕੇਸ ਤਿਆਰ ਕੀਤਾ ਜਾਵੇ ਤਾਂ ਇਹ ਕੇਸ ਸਬੰਧਤ ਭਾਗ ਅਫਸਰ ਤੋਂ ਚੈੱਕ ਕਰਵਾਉਣ ਲਈ ਸਬੰਧਤ ਕਰਮਚਾਰੀ ਨੂੰ ਨਾ ਭੇਜ ਕੇ ਸਬੰਧਤ ਡੀ.ਡੀ.ਓ ਵੱਲੋਂ ਆਪਣੇ ਦਫਤਰ ਦੇ ਕਿਸੇ ਕਰਮਚਾਰੀ ਨੂੰ ਭੇਜਿਆ ਜਾਵੇ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

19/09/25

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ),
ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ: 23-09-2025

ਉਪਰੋਕਤ ਦਾ ਉਤਾਰਾ ਰਾਜ ਦੇ ਸਮੂਹ ਡੀ.ਡੀ.ਓਜ਼ ਨੂੰ **(ਵੈੱਬਸਾਈਟ ਰਾਹੀਂ)** ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

19/09/25

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ),
ਪੰਜਾਬ।